# ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲੰਧਰ
## (ਰਜਿਸਟਰਾਰ ਦਫ਼ਤਰ)

ਆਈ.ਕੇ.ਜੀ.ਪੀ.ਟੀ.ਯੂ./ਰਜਿ./ਦਹ/440 ਮਿਤੀ: 25.05.2026

## ਦਫ਼ਤਰੀ ਹੁਕਮ

**ਵਿਸ਼ਾ: ਈਦ-ਉੱਲ-ਜੁਹਾ (ਬਕਰੀਦ) ਦੇ ਸੰਬੰਧ ਵਿੱਚ ਮਿਤੀ 27.05.2026 ਦੀ ਥਾਂ ਤੇ ਮਿਤੀ 28.05.2026 ਨੂੰ ਛੁੱਟੀ ਘੋਸ਼ਿਤ ਕਰਨ ਸੰਬੰਧੀ।**

ਪੰਜਾਬ ਸਰਕਾਰ ਦੇ ਪ੍ਰਸੋਨਲ ਵਿਭਾਗ (ਪੀ.ਪੀ.-3 ਸ਼ਾਖਾ) ਦੇ ਅਧਿਸੂਚਨਾ ਨੰ. ਪਿ:ਅੰ:ਨੰ: 06/01/2025-2ਪੀ.ਪੀ.3/248-252 ਮਿਤੀ 25.05.2026 ਅਨੁਸਾਰ ਈਦ-ਉੱਲ-ਜੁਹਾ (ਬਕਰੀਦ) ਦੀ ਕੀਤੀ ਗਈ ਛੁੱਟੀ ਸੰਬੰਧੀ ਸੋਧ ਦੇ ਆਧਾਰ ਤੇ ਪੰਜਾਬ ਰਾਜ ਦੇ ਸਰਕਾਰੀ ਦਫ਼ਤਰਾਂ, ਬੋਰਡਾਂ/ਕਾਰਪੋਰੇਸ਼ਨਾਂ ਅਤੇ ਸਰਕਾਰੀ ਵਿੱਦਿਅਕ ਅਦਾਰਿਆਂ ਵਿੱਚ ਈਦ-ਉੱਲ-ਜੁਹਾ (ਬਕਰੀਦ) ਦੇ ਸੰਬੰਧ ਵਿੱਚ ਮਿਤੀ 27.05.2026 (ਬੁੱਧਵਾਰ) ਦੀ ਥਾਂ ਤੇ ਮਿਤੀ 28.05.2026 (ਵੀਰਵਾਰ) ਦੀ ਗਜ਼ਟਿਡ ਛੁੱਟੀ ਸਮੇਤ ਨੈਗੋਸੀਏਬਲ ਇੰਸਟਰੂਮੈਂਟ ਐਕਟ-1881 ਦੀ ਧਾਰਾ 25 ਦੀ ਵਿਆਖਿਆ ਅਧੀਨ ਛੁੱਟੀ ਘੋਸ਼ਿਤ ਕੀਤੀ ਜਾਂਦੀ ਹੈ।

ਪੰਜਾਬ ਸਰਕਾਰ ਦੇ ਉਪਰੋਕਤ ਹੁਕਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਈ.ਕੇ.ਜੀ.ਪੀ.ਟੀ.ਯੂ. ਕਪੂਰਥਲਾ ਕੈਂਪਸ ਅਤੇ ਹੋਰਨਾਂ ਕੌਂਸਟੀਚਿਊਐਂਟ ਕੈਂਪਸਾਂ ਵਿੱਚ ਈਦ-ਉੱਲ-ਜੁਹਾ (ਬਕਰੀਦ) ਦੇ ਸੰਬੰਧ ਵਿੱਚ ਮਿਤੀ 27.05.2026 (ਬੁੱਧਵਾਰ) ਦੀ ਥਾਂ ਤੇ ਮਿਤੀ 28.05.2026 (ਵੀਰਵਾਰ) ਨੂੰ ਛੁੱਟੀ ਘੋਸ਼ਿਤ ਕੀਤੀ ਜਾਂਦੀ ਹੈ।

ਇਹ ਦਫ਼ਤਰੀ ਹੁਕਮ ਮਾਣਯੋਗ ਉਪ-ਕੁਲਪਤੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਗਿਆ ਹੈ।

**(ਡਾ. ਨਵਦੀਪਕ ਸੰਧੂ)**
ਰਜਿਸਟਰਾਰ

ਪਿੱਠ ਅੰ:ਨੰ:ਆਈ.ਕੇ.ਜੀ.ਪੀ.ਟੀ.ਯੂ./ਰਜਿ./ਦਹ/441-445 ਮਿਤੀ: 25.05.2026

ਇਸ ਦਾ ਇੱਕ ਉਤਾਰਾ ਹੇਠ ਲਿਖੇ ਅਧਿਕਾਰੀਆਂ ਨੂੰ ਜਾਣਕਾਰੀ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਸਕੱਤਰ, ਉਪ-ਕੁਲਪਤੀ: ਮਾਣਯੋਗ ਉਪ-ਕੁਲਪਤੀ ਜੀ ਦੀ ਜਾਣਕਾਰੀ ਹਿੱਤ।
2. ਸਮੂਹ ਵਿਭਾਗ ਮੁਖੀ (ਟੀਚਿੰਗ ਅਤੇ ਨਾਨ-ਟੀਚਿੰਗ)
3. ਸਮੂਹ ਡਾਇਰੈਕਟਰ (ਆਈ.ਕੇ.ਜੀ.ਪੀ.ਟੀ.ਯੂ. ਦੇ ਕੌਂਸਟੀਚਿਊਐਂਟ ਕੈਂਪਸ)
4. ਸਮੂਹ ਡਾਇਰੈਕਟਰ/ਪ੍ਰਿੰਸੀਪਲ (ਆਈ.ਕੇ.ਜੀ.ਪੀ.ਟੀ.ਯੂ. ਦੇ ਮਾਨਤਾ ਪ੍ਰਾਪਤ/ਖੁਦਮੁਖਤਿਆਰੀ ਕਾਲਜ)
5. ਇੰਚਾਰਜ (ਆਈ.ਟੀ.ਐਸ.): ਵੈੱਬਸਾਈਟ 'ਤੇ ਅਪਲੋਡ ਕਰਵਾਉਣ ਹਿੱਤ।

**(ਡਾ. ਨਵਦੀਪਕ ਸੰਧੂ)**
ਰਜਿਸਟਰਾਰ